ਹੋਰ ਜਾਣਕਾਰੀ ਲਈ

ਕਿਰਪਾ ਕਰਕੇ ਹੇਠਾਂ ਦਿੱਤੇ ਨੂੰ ਭਰੋ

ਅਤੇ ਇੱਥੇ ਵਾਪਸ ਕਰੋ:

**ਐਬਟਸਫੋਰਡ ਪੀਅਰ ਸਪੋਰਟ**

**ਬਜ਼ੁਰਗਾਂ ਲਈ**

**2499 ਮੈਕਮਿਲਨ ਰੋਡ**

**ਐਬਟਸਫੋਰਡ, ਬੀ.ਸੀ.**

**V3G 1C4**

ਨਾਮ: ______________________________

ਪਤਾ:_____________________________

______________________________________

ਪੋਸਟਲ ਕੋਡ: _______________________

ਫ਼ੋਨ: _____________________________

☐ ਮੈਂ ਇੱਕ ਸੀਨੀਅਰ ਪੀਅਰ ਸਪੋਰਟ ਵਲੰਟੀਅਰ ਵਜੋਂ ਸਿਖਲਾਈ ਵਿੱਚ ਦਿਲਚਸਪੀ ਰੱਖਦਾ ਹਾਂ।

☐ ਮੈਂ ਇੱਕ ਗੁੱਡ ਮੌਰਨਿੰਗ ਕਾਲ ਵਲੰਟੀਅਰ ਵਜੋਂ ਸਿਖਲਾਈ ਵਿੱਚ ਦਿਲਚਸਪੀ ਰੱਖਦਾ ਹਾਂ

☐ ਮੈਂ ਇਹਨਾਂ ਪ੍ਰੋਗਰਾਮਾਂ ਵਿੱਚੋਂ ਕਿਸੇ ਇੱਕ ਬਾਰੇ ਕਿਸੇ ਨਾਲ ਗੱਲ ਕਰਨਾ ਚਾਹਾਂਗਾ।

☐ ਮੈਂ ਦਾਨ ਕਰਨਾ ਚਾਹਾਂਗਾ

ਰਕਮ: $ ____________________

ਇਨਕਮ ਟੈਕਸ ਰਸੀਦ ਉਪਲਬਧ ਹੈ



**ਬਜ਼ੁਰਗਾਂ ਲਈ ਐਬਟਸਫੋਰਡ ਪੀਅਰ ਸਪੋਰਟ** ਇੱਕ ਗੈਰ-ਮੁਨਾਫ਼ਾ ਸਹਾਇਤਾ ਸੇਵਾ ਹੈ ਜੋ ਬਜ਼ੁਰਗਾਂ ਦੀ ਮੱਦਦ ਕਰਨ ਲਈ ਤਿਆਰ ਹੈ। ਅਸੀਂ 1992 ਤੋਂ ਕੰਮ ਕਰ ਰਹੇ ਹਾਂ!

ਸਾਡਾ ਉਦੇਸ਼ ਸੇਵਾ, ਸੰਚਾਰ ਅਤੇ/ਜਾਂ ਸਾਡੇ ਪੀਅਰ ਸਪੋਰਟ ਪ੍ਰੋਗਰਾਮ ਜਾਂ ਸਾਡੇ ਗੁੱਡ ਮੌਰਨਿੰਗ ਪ੍ਰੋਗਰਾਮ ਜਾਂ ਲੋੜ ਅਨੁਸਾਰ ਹੋਰ ਸੰਬੰਧਿਤ ਏਜੰਸੀਆਂ ਲਈ ਰੈਫ਼ਰਲ ਰਾਹੀਂ ਬਜ਼ੁਰਗਾਂ ਦੀ ਤੰਦਰੁਸਤੀ ਵਿੱਚ ਵਾਧਾ ਕਰਨਾ ਹੈ।

ਸਾਡਾ ਮੰਨਣਾ ਹੈ ਕਿ ਹਰੇਕ ਬਜ਼ੁਰਗ ਨੂੰ, ਭਾਵੇਂ ਕਿਸੇ ਵੀ ਨਸਲ ਜਾਂ ਧਰਮ ਦਾ ਹੋਵੇ, ਇੱਕ ਪੂਰਨ, ਸੁਤੰਤਰ, ਸਨਮਾਨਜਨਕ ਜੀਵਨ ਜਿਉਣ ਦਾ ਅਧਿਕਾਰ ਹੈ।

ਵਿੱਤੀ ਸਹਾਇਤਾ ਦ ਬੀ ਸੀ ਗੇਮਿੰਗ ਗ੍ਰਾਂਟ ਅਤੇ ਦ ਨਿਊ ਹੋਰਾਈਜ਼ਨਜ਼ ਗ੍ਰਾਂਟ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ

ਸਾਰੇ ਵਲੰਟੀਅਰਾਂ ਲਈ ਅਪਰਾਧਿਕ ਰਿਕਾਰਡ ਦੀ ਪੂਰੀ ਛਾਣਬੀਣ ਕੀਤੀ ਗਈ ਹੈ!

ਬਜ਼ੁਰਗ ਸੰਬੰਧੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਂਦੀ ਹੈ!

**ਮੰਗਲਵਾਰ ਤੋਂ ਵੀਰਵਾਰ**

**ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ**

**ਸਾਨੂੰ 604-850-0011 'ਤੇ ਕਾਲ ਕਰੋ**

# Abbotsford Peer Support For Seniors

## ਪੀਅਰ ਸਪੋਰਟ

ਵਿੱਤੀ ਸਹਾਇਤਾ

**ਦ ਬੀ ਸੀ ਗੇਮਿੰਗ ਗ੍ਰਾਂਟ ਦੁਆਰਾ**

**Seniors Helping Seniors**

**2499 MCMILLAN ROAD**
**ABBOTSFORD, BC**
**V3G 1C4**

**PHONE: 604-850-0011**
**FAX: 604-850-1230**
**E-MAIL: apss.seniors@telus.net**

**WEB-SITE:**

**www.abbotsfordpeersupportforseniors.ca**

# ਪੀਅਰ ਸਪੋਰਟ ਪ੍ਰੋਗਰਾਮ

ਪੀਅਰ ਸਪੋਰਟ ਪ੍ਰੋਗਰਾਮ ਐਬਟਸਫੋਰਡ ਵਿੱਚ 50 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਇੱਕ ਮੁਫ਼ਤ ਸੇਵਾ ਹੈ।
ਪੀਅਰ ਸਪੋਰਟ ਇੱਕ ਪ੍ਰਕਿਰਿਆ ਹੈ ਜਿਸ ਵਿੱਚ ਸਿੱਖਿਅਤ ਸੀਨੀਅਰ ਪੀਅਰ ਸਪੋਰਟ ਵਲੰਟੀਅਰ ਇਕੱਲੇ ਰਹਿਣ ਵਾਲੇ ਲੋੜਵੰਦ ਸਾਥੀਆਂ ਨੂੰ ਵਿਅਕਤੀਗਤ ਤੌਰ ਤੇ ਸੁਣਦੇ ਹਨ ਅਤੇ ਭਾਵਨਾਤਮਕ ਸਹਾਇਤਾ, ਮਾਰਗਦਰਸ਼ਨ, ਹਮਦਰਦੀ ਅਤੇ ਜਾਣਕਾਰੀ ਪ੍ਰਦਾਨ ਕਰਦੇ ਹਨ।
ਇਹ ਉਹਨਾਂ ਨੂੰ ਇਕੱਲੇਪਣ, ਉਦਾਸੀ, ਵਖਰੇਵਾਂ ਜਾਂ ਅਜ਼ੀਜ਼ਾਂ ਦੇ ਨਾ ਰਹਿਣ ਦੀਆਂ ਭਾਵਨਾਵਾਂ ਨਾਲ ਆਪ ਨਜਿੱਠਣ ਦੇ ਯੋਗ ਬਣਾਉਂਦਾ ਹੈ।
ਸਾਡਾ ਮੰਨਣਾ ਹੈ ਕਿ ਪੀਅਰ ਸਪੋਰਟ ਵਲੰਟੀਅਰ, ਸਮਾਨ ਉਮਰ ਅਤੇ ਤਜਰਬੇ ਦੇ ਹੋਣ ਕਰਕੇ, ਬਜ਼ੁਰਗਾਂ ਲਈ ਉਹਨਾਂ ਦੀ ਆਜ਼ਾਦੀ ਨੂੰ ਮੁੜ ਪ੍ਰਾਪਤ ਕਰਨ ਜਾਂ ਬਰਕਰਾਰ ਰੱਖਣ ਵਿੱਚ ਉਹਨਾਂ ਦੀ ਮੱਦਦ ਕਰਨ ਲਈ ਇੱਕ ਜ਼ਰੀਏ ਵਜੋਂ ਕੰਮ ਕਰਦੇ ਹਨ ਜਿਸ ਨਾਲ ਉਹ ਸਨਮਾਨ ਨਾਲ ਜ਼ਿੰਦਗੀ ਬਿਤਾ ਸਕਦੇ ਹਨ।

ਸਾਡੇ ਸੀਨੀਅਰ ਪੀਅਰ ਸਪੋਰਟ ਵਲੰਟੀਅਰਾਂ ਨੂੰ ਬਜ਼ੁਰਗ ਉਮਰ ਦੀਆਂ ਵਿਸ਼ੇਸ਼ ਸਮੱਸਿਆਵਾਂ ਨਾਲ ਨਜਿੱਠਣ ਲਈ ਸਿਖਲਾਈ ਦਿੱਤੀ ਗਈ ਹੈ। ਸਿਖਲਾਈ ਤੋਂ ਬਾਅਦ, ਪੀਅਰ ਸਪੋਰਟ ਵਲੰਟੀਅਰਾਂ ਨੂੰ ਇੱਕ ਬਜ਼ੁਰਗ ਨਾਲ ਮੇਲਿਆ ਜਾਂਦਾ ਹੈ ਅਤੇ ਇਹ ਕੋਆਰਡੀਨੇਟਰ ਦੇ ਸਹਿਯੋਗ ਨਾਲ ਕੰਮ ਕਰਦੇ ਹਨ।

ਬਜ਼ੁਰਗਾਂ ਨੂੰ ਹੋਮ ਹੈਲਥ ਕੇਅਰ, ਮੈਂਟਲ ਹੈਲਥ, ਵਿਕਟਿਮ ਸਰਵਿਸਿਜ਼, ਡਾਕਟਰ, ਪਰਿਵਾਰ, ਦੋਸਤ ਜਾਂ ਉਹ ਆਪ ਰੈਫਰ ਕਰਦੇ ਹਨ। ਉਹ ਆਮ ਤੌਰ 'ਤੇ ਅਲੱਗ-ਥਲੱਗ ਹੁੰਦੇ ਹਨ ਅਤੇ ਜਾਂ ਤਾਂ ਇਕੱਲੇ ਜਾਂ ਪਰਿਵਾਰ ਦੇ ਨਾਲ ਵੱਖ-ਵੱਖ ਸਥਿਤੀਆਂ ਵਿੱਚ ਰਹਿ ਰਹੇ ਹੁੰਦੇ ਹਨ।

# ਕਲਾਇੰਟ/ਵਲੰਟੀਅਰ ਰਿਸ਼ਤਾ

ਹੋ ਸਕਦਾ ਹੈ ਕਿ ਤੁਸੀਂ ਭਾਵਨਾਤਮਕ ਸਹਾਇਤਾ ਲਈ ਆਪਣੇ ਸਾਥੀ ਸਹਾਇਤਾ ਵਲੰਟੀਅਰ 'ਤੇ ਭਰੋਸਾ ਕਰੋ - ਜਦੋਂ ਤੱਕ ਤੁਸੀਂ ਆਪਣੀਆਂ ਖ਼ੁਦ ਦੀਆਂ ਸ਼ਕਤੀਆਂ ਨੂੰ ਨਹੀਂ ਪਛਾਣ ਲੈਂਦੇ ਅਤੇ ਸੁਤੰਤਰ ਚੋਣਾਂ ਕਰਨ ਦੇ ਯੋਗ ਨਹੀਂ ਹੁੰਦੇ।
ਜ਼ਿਆਦਾਤਰ ਮੁਲਾਕਾਤਾਂ ਇੱਕ ਘੰਟੇ ਦੀਆਂ ਅਤੇ ਹਫ਼ਤੇ ਵਿੱਚ ਇੱਕ ਵਾਰ ਹੁੰਦੀਆਂ ਹਨ।

ਵਲੰਟੀਅਰਾਂ ਨੂੰ ਕਿਸੇ ਵੀ ਕਿਸਮ ਦੇ ਤੋਹਫ਼ੇ ਸਵੀਕਾਰ ਕਰਨ ਦੀ ਇਜਾਜ਼ਤ **ਨਹੀਂ** ਹੈ।
ਤਿਆਰ ਰਹੋ ਕਿ ਰਿਸ਼ਤਾ ਸੰਭਵ ਤੌਰ 'ਤੇ ਕਿਸੇ ਵੀ ਸਮੇਂ ਖ਼ਤਮ ਹੋ ਸਕਦਾ ਹੈ।

---

**ਤੁਹਾਡਾ ਸੀਨੀਅਰ ਪੀਅਰ ਸਪੋਰਟ ਵਲੰਟੀਅਰ ਤੁਹਾਡੇ ਲਈ ਕੀ ਕਰ ਸਕਦਾ ਹੈ:**

- ਤੁਹਾਡੀ ਗੱਲ ਸੁਣਨਾ
- ਤੁਹਾਡੀ ਕਿਸੇ ਵੀ ਸਮੱਸਿਆ ਬਾਰੇ ਗੱਲ ਕਰਨਾ
- ਸੂਚਿਤ ਚੋਣਾਂ ਕਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨਾ
- ਬਜ਼ੁਰਗਾਂ ਲਈ ਉਪਲਬਧ ਸੇਵਾਵਾਂ ਬਾਰੇ ਤੁਹਾਨੂੰ ਜਾਣਕਾਰੀ ਦੇਣਾ

---

**ਤੁਹਾਡਾ ਸੀਨੀਅਰ ਪੀਅਰ ਸਪੋਰਟ ਵਲੰਟੀਅਰ ਤੁਹਾਡੇ ਲਈ ਕੀ ਨਹੀਂ ਕਰ ਸਕਦਾ:**

- ਆਵਾਜਾਈ ਪ੍ਰਦਾਨ ਕਰਨਾ
- ਘਰ ਦਾ ਕੰਮ ਕਰਨਾ
- ਖਰੀਦਾਰੀ ਕਰਨਾ

ਉਹ ਤੁਹਾਨੂੰ ਇਸ ਬਾਰੇ ਜਾਣਕਾਰੀ ਦੇ ਸਕਦੇ ਹਨ ਕਿ ਤੁਹਾਡੇ ਲਈ ਇਹ ਕੰਮ ਕੌਣ ਕਰੇਗਾ।

# ਸਿਖਲਾਈ

ਸੀਨੀਅਰ ਪੀਅਰ ਸਪੋਰਟ ਵਲੰਟੀਅਰ ਸਿਹਤ ਮੰਤਰਾਲੇ ਦੁਆਰਾ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਇੱਕ ਵਿਸਤ੍ਰਿਤ ਸਿਖਲਾਈ ਕੋਰਸ ਰਾਹੀਂ ਤਜਰਬੇਕਾਰ ਸੀਨੀਅਰ ਪੀਅਰ ਸਪੋਰਟ ਸਿੱਖਿਅਕਾਂ ਅਤੇ ਸਲਾਹਕਾਰਾਂ ਤੋਂ ਸਿਖਲਾਈ ਲੈਂਦੇ ਹਨ।

**ਸਿਖਲਾਈ ਦੇ ਵਿਸ਼ੇ ਹਨ:**

→ ਸੁਣਨਾ
→ ਸਮੱਸਿਆ ਪ੍ਰਬੰਧਨ
→ ਭਾਈਚਾਰਕ ਜਾਣਕਾਰੀ

ਸਾਰੇ ਗ੍ਰੈਜੂਏਟ ਸੀਨੀਅਰ ਪੀਅਰ ਸਪੋਰਟ ਵਲੰਟੀਅਰਾਂ ਲਈ ਲਗਾਤਾਰ ਸਿਖਲਾਈ/ਜਾਣਕਾਰੀ ਸਾਡੇ ਮਾਸਿਕ ਵਲੰਟੀਅਰ ਨੈੱਟਵਰਕਿੰਗ ਬ੍ਰੇਕਫਾਸਟ 'ਤੇ ਸਾਲ ਭਰ ਜਾਰੀ ਰਹਿੰਦੀ ਹੈ।

**ਕੀ ਤੁਸੀਂ ਆਪਣੇ ਜੀਵਨ ਦੇ ਹੁਨਰ ਅਤੇ ਤਜਰਬਿਆਂ ਨੂੰ ਦੂਜੇ ਬਜ਼ੁਰਗਾਂ ਦੀ ਮੱਦਦ ਲਈ ਵਰਤਣਾ ਚਾਹੁੰਦੇ ਹੋ?**

ਸੀਨੀਅਰ ਪੀਅਰ ਸਪੋਰਟ ਵਲੰਟੀਅਰ ਵਜੋਂ ਸਵੈਸੇਵਾ ਕਰੋ।

50 ਸਾਲ ਤੋਂ ਵੱਧ ਦੇ ਮਰਦ ਅਤੇ ਔਰਤਾਂ ਦੋਵਾਂ ਦੀ ਲੋੜ ਹੈ! ਸਿਖਲਾਈ ਸਾਲ ਵਿੱਚ ਦੋ ਵਾਰ ਬਸੰਤ ਅਤੇ ਪਤਝੜ ਵਿੱਚ ਹੁੰਦੀ ਹੈ।

